ੴ ਵਾਹਿਗੁਰੂ ਜੀ ਕੀ ਫ਼ਤਹ॥

# ਸ੍ਰੀ ਅਕਾਲ ਤਖ਼ਤ ਸਾਹਿਬ

**Sri Akal Takhat Sahib, Sri Amritsar (Pb.) India.**

Fax. Phone - 540820, PBX : 553957-58-59 Ext. 434

ਨੰ: ਅ:3/02/1985

ਮਿਤੀ 23-12-02

**ਸ: ਗੁਰਬਖਸ਼ ਸਿੰਘ ਕਾਲਾ ਅਫਗਾਨਾ,**

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਤੁਹਾਡੀਆਂ "ਬਿਪਰਨ ਕੀ ਰੀਤ ਤੋਂ ਸੱਚ ਦਾ ਮਾਰਗ" ਸਿਰਲੇਖ ਹੇਠ ਦਸ ਭਾਗਾਂ ਵਿਚ ਲਿਖੀਆਂ ਪੁਸਤਕਾਂ ਅਤੇ ਹੋਰ ਲਿਖਤਾਂ ਵਿਚ ਬਹੁਤ ਸਾਰੇ ਵਿਚਾਰ ਤੁਸੀਂ ਦਸਮੇਸ਼ ਪਿਤਾ ਵੱਲੋਂ ਗੁਰੂ-ਖਾਲਸਾ ਪੰਥ ਨੂੰ ਬਖਸ਼ਿਸ਼ ਕੀਤੇ ਖੰਡੇ ਬਾਟੇ ਦੇ ਅੰਮ੍ਰਿਤ ਸਬੰਧੀ ਦਿੱਤੇ ਹਨ, ਜਿਨ੍ਹਾਂ ਨੇ ਗੁਰੂ ਖਾਲਸਾ ਪੰਥ ਦੀ ਸਿੱਖੀ ਸਿਦਕ ਅਤੇ ਪੰਥਕ ਸ਼ਰਧਾ ਨੂੰ ਠੇਸ ਪਹੁੰਚਾਈ ਹੈ, ਇਸ ਵਿਸ਼ੇ ਬਾਰੇ ਕੁਝ-ਕੁ ਹਵਾਲੇ ਹੇਠਾਂ ਦਰਜ ਹਨ। ਇਸ ਦੁਖਦਾਈ ਅਵਸਥਾ ਦਾ ਪ੍ਰਗਟਾਵਾ ਗੁਰੂ ਕੀਆਂ ਸ਼ਰਧਾਵਾਨ ਸਿੱਖ ਸੰਗਤਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਨੇਕਾਂ ਲਿਖਤੀ ਚਿੱਠੀਆਂ ਰਾਹੀਂ ਕੀਤਾ ਹੈ। ਸਿੱਖ ਸੰਗਤਾਂ ਦੀਆਂ ਗੁਰੂ ਪਿਆਰ ਦੀਆਂ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਤੁਹਾਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਆਪਣੀ ਸਥਿਤੀ ਸਪੱਸ਼ਟ ਕਰਨ ਲਈ ਮਿਤੀ 10 ਫਰਵਰੀ, 2003 ਨੂੰ ਹਾਜ਼ਰ ਹੋਣ ਲਈ ਆਦੇਸ਼ ਦਿੱਤਾ ਜਾਂਦਾ ਹੈ।

**ਹਵਾਲੇ:-**

1. ਖੰਡੇ-ਬਾਟੇ ਨੂੰ ਗੁਰੂ ਵਾਲਾ ਬਣਾਉਣ ਦਾ ਸਾਧਨ ਮੰਨ ਲੈਣਾ ਵੱਡੀ ਭੁੱਲ ਹੈ।

   (ਪੰਨਾ 65, ਭਾਗ ਛੇਵਾਂ)

2. ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਸਿੱਖ ਬਣ ਜਾਣ ਵਾਲਾ ਅਜਿਹਾ ਧੁਰਾ ਬਣਾ ਦਿੱਤਾ, ਜਿਸ ਨੇ ਸਿੱਖ ਬੱਚੇ ਨੂੰ ਸਿਰ ਮਨਾ ਲੈਣ ਅਥਵਾ ਤਮਾਕੂ ਆਦਿ ਪੀ ਲੈਣ ਦਾ ਹੌਸਲਾ ਦਿੱਤਾ।

   (ਪੰਨਾ 65, ਭਾਗ ਛੇਵਾਂ)

3. ਖੰਡੇ-ਬਾਟੇ ਦੇ ਅੰਮ੍ਰਿਤ ਨੇ ਗੁਰਮਤਿ ਤੋਂ ਅਗਿਆਨੀ ਰਹਿਣ ਦਾ ਰਾਹ ਪੱਕਾ ਕੀਤਾ ਅਤੇ ਪਤਿਤਪੁਣਾ ਫੈਲਾਇਆ। ਸਰੀਰ ਨੂੰ ਸਿੰਘ ਸਜਾ ਲੈਣ ਦੇ ਭਰਮ ਨੇ ਮਨ ਨੂੰ ਸਿੱਖ ਬਣਾਉਣ ਦੀ ਲੋੜ ਮੁਕਾਅ ਦਿੱਤੀ।

   (ਪੰਨਾ 64,65 ਭਾਗ ਛੇਵਾਂ)

4. ਕੋਈ ਵੀ ਬਾਣੀ (ਭਾਵੇਂ ਬਿਨਾਂ ਕਿਸੇ ਸ਼ੱਕ ਜਾਂ ਸ਼ੰਕੇ ਦੇ ਦਸਮੇਸ਼ ਜੀ ਦੀ ਕ੍ਰਿਤ ਹੈ) ਕਿਸੇ ਹਾਲਤ ਵਿਚ ਵੀ 'ਗੁਰੂ-ਬਾਣੀ' ਨਹੀਂ ਹੈ।

   (ਪੰਨਾ 211, ਭਾਗ ਪੰਜਵਾਂ)

5. ਕਿਸੇ ਪਦਾਰਥ ਦੀ ਜਾਂ ਕਿਸੇ ਮਨੁੱਖ ਦੀ ਅਸਲੀਅਤ ਤੋਂ ਵੱਧ ਅਥਵਾ ਝੂਠੀ ਵਡਿਆਈ ਕਰਨੀ ਸ਼ਰਮਿੰਦਗੀ ਦਾ ਸਬਬ ਬਣਦੀ ਹੈ। ਐਡੇ ਵਿਦਵਾਨ ਸਮਝੇ ਜਾਣ ਵਾਲੇ ਹੋ ਕੇ ਖੰਡੇ ਬਾਟੇ ਦੇ ਅੰਮ੍ਰਿਤ ਦੀ ਵਾਧੂ ਅਤੇ ਝੂਠੀ ਸਿਫ਼ਤ ਕਰਨ ਦੇ ਥਾਂ ਸੰਤਾਂ ਮਹਾਂ-ਪੁਰਖਾਂ ਨੂੰ ਸਚਾਈ ਦਾ ਪ੍ਰਚਾਰ ਕਰਨਾ ਫੱਬਦਾ ਹੈ।

ਚਲਦਾ....2

ੴ ਵਾਹਿਗੁਰੂ ਜੀ ਕੀ ਫ਼ਤਹਿ॥

# ਸ੍ਰੀ ਅਕਾਲ ਤਖ਼ਤ ਸਾਹਿਬ

**Sri Akal Takhat Sahib, Sri Amritsar (Pb.) India.**

Fax. Phone - 540820, PBX : 553957-58-59 Ext. 434

ਮਿਤੀ ____________

ਨੰ: ____________



ਖੰਡੇ ਬਾਟੇ ਦੇ ਅੰਮ੍ਰਿਤ-ਧਾਰੀਆਂ ਦੇ ਇਤਿਹਾਸ ਦੇ ਇਸ ਪੱਖ ਤੋਂ ਹੀ ਮੁੱਕਰ ਸਕਦੇ ਹਾਂ? ਸ੍ਰੀ ਅਨੰਦਪੁਰ ਸਾਹਿਬ ਵਿਖੇ ਜਿਸ ਵੇਲੇ ਸਤਿਗੁਰੂ ਜੀ ਆਪਣੇ ਸਿੱਖਾਂ ਅਤੇ ਪਰਵਾਰ ਦੇ ਸਮੇਤ ਦੁਸ਼ਮਣ ਦੇ ਕਰੜੇ ਘੇਰੇ ਵਿਚ ਆਏ ਹੋਏ ਸਖ਼ਤ ਔਕੜ ਵਿਚ ਸਨ, ਉਸ ਵੇਲੇ ਬੇਦਾਵਾ ਲਿਖ ਕੇ ਸਾਥ ਛੱਡ ਜਾਣ ਵਾਲੇ ਕੀ ਉਹ ਨਹੀਂ ਸਨ, ਜਿਨ੍ਹਾਂ ਨੇ ਸਤਿਗੁਰਾਂ ਕੋਲੋਂ ਹੀ ਖੰਡੇ ਬਾਟੇ ਦਾ ਅੰਮ੍ਰਿਤ ਛਕਿਆ ਹੋਇਆ ਸੀ?

(ਮਾਸੁ ਮਾਸੁ ਕਰਿ ਮੂਰਖ ਝਗੜੇ - ਪੰਨਾ 300)

6. ਅੰਗਰੇਜ਼ਾਂ ਦੇ ਰਾਜ ਤੋਂ ਲੈ ਕੇ ਅੱਜ ਤਾਂਈਂ ਜਿਨ੍ਹਾਂ ਸਿੱਖ ਫੌਜਾਂ ਨੇ ਬਹਾਦਰੀ ਦਿਖਾਉਣ ਵਿਚ ਸਦਾ ਹੀ ਨਾਮਣਾ ਖੱਟਿਆ ਹੈ, ਉਨ੍ਹਾਂ ਫੌਜਾਂ ਦੇ ਫੌਜੀ ਜਵਾਨਾਂ ਵਿਚ ਬਹੁ-ਗਿਣਤੀ ਦਾਹੜੀਆਂ ਕੁਤਰਨ ਵਾਲਿਆਂ ਦੀ ਹੁੰਦੀ ਹੈ। ਅੰਮ੍ਰਿਤਧਾਰੀ ਦੇ ਪੰਜ ਕਕਾਰਾਂ ਦਾ ਪੱਕਾ ਧਾਰਨੀ ਫੌਜ ਵਿਚ ਮਸਾਂ ਇਕ-ਅੱਧ ਹੀ ਹੁੰਦਾ ਹੈ। ਕੀ ਦੱਸ ਸਕਦੇ ਹੋ ਕਿ ਪਰਮਵੀਰ ਚੱਕਰ ਲੈਣ ਵਾਲਿਆਂ ਵਿਚੋਂ ਕਿਸ ਫੌਜੀ ਅਫ਼ਸਰ ਨੇ ਖੰਡੇ-ਬਾਟੇ ਦਾ ਅੰਮ੍ਰਿਤ ਛਕਿਆ ਹੋਇਆ ਸੀ।

(ਮਾਸੁ ਮਾਸੁ ਕਰਿ ਮੂਰਖ ਝਗੜੇ - ਪੰਨਾ 301)

(ਜੋਗਿੰਦਰ ਸਿੰਘ)
ਜਥੇਦਾਰ,
ਸ੍ਰੀ ਅਕਾਲ ਤਖ਼ਤ ਸਾਹਿਬ।